**ਨੰ: 12/316/94-5ਸਿ5/1769**

**ਪੰਜਾਬ ਸਰਕਾਰ**

**ਸਿਹਤ ਤੇ ਪਰਿਵਾਰ ਭਲਾਈ ਵਿਭਾਗ**

**(ਸਿਹਤ-5 ਸ਼ਾਖਾ)**

**ਮਿਤੀ, ਚੰਡੀਗੜ੍ਹ : 3.7.2008**

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਮੰਡਲਾਂ ਦੇ ਕਮਿਸ਼ਨਰ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
ਸਮੂਹ ਡਿਪਟੀ ਕਮਿਸ਼ਨਰ, ਸਮੂਹ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ,
ਜ਼ਿਲ੍ਹਿਆਂ ਦੇ ਸਿਵਲ ਸਰਜਨ ਅਤੇ
ਪ੍ਰਿੰਸੀਪਲ, ਮੈਡੀਕਲ/ਡੈਂਟਲ ਕਾਲਜ, ਪਟਿਆਲਾ,
ਫਰੀਦਕੋਟ ਅਤੇ ਅੰਮ੍ਰਿਤਸਰ ।

ਵਿਸ਼ਾ:- **ਰਾਜ ਸਰਕਾਰ ਦੇ ਕਰਮਚਾਰੀਆਂ/ਪੈਨਸ਼ਨਰਾਂ ਨੂੰ ਗੋਡਿਆਂ ਦੇ ਇਲਾਜ (ਨੀ-ਰਿਪਲੇਸਮੈਂਟ) ਅਤੇ ਹਿੱਪ ਜੁਆਇੰਟ ਇੰਪਲਾਂਟ ਤੇ ਖਰਚੇ ਦੀ ਪ੍ਰਤੀ-ਪੂਰਤੀ ਕਰਨ ਬਾਰੇ ।**

********

**ਸ੍ਰੀਮਾਨ ਜੀ,**

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਪੰਜਾਬ ਸਰਕਾਰ ਦੇ ਪੱਤਰ ਨੰ; 12/316/94-5ਸਿ5/22728, ਮਿਤੀ 20.9.2000 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਰਾਹੀਂ ਪੰਜਾਬ ਸਰਕਾਰ ਦੇ ਕਰਮਚਾਰੀਆਂ/ਪੈਨਸ਼ਨਰਾਂ ਨੂੰ ਮੈਡੀਕਲ ਪ੍ਰਤੀ-ਪੂਰਤੀ ਲਈ ਗੋਡੇ ਦੀ ਤਬਦੀਲੀ (ਨੀ-ਰਿਪਲੇਸਮੈਂਟ) ਕਰਵਾਉਣ ਸਬੰਧੀ ਇੱਕ ਨਕਲੀ ਗੋਡੇ (ਕੰਪੋਨੈਂਟ) 35,000/-ਰੁਪਏ ਤੋਂ ਵਧਾ ਕੇ 58, 000/-ਰੁਪਏ ਪ੍ਰਤੀ ਨਕਲੀ ਗੋਡਾ (ਨੀ-ਕੰਪੋਨੈਂਟ) ਰਿਪਲੇਸਮੈਂਟ ਅਤੇ ਇਸੇ ਤਰ੍ਹਾਂ ਹਿੱਪ ਜੁਆਇੰਟ ਇੰਮਪਲਾਂਟ ਦੀ ਕੀਮਤ 20,000/-ਰੁਪਏ ਤੋਂ ਵਧਾ ਕੇ 35,000/-ਰੁਪਏ ਕਰ ਦਿੱਤੀ ਸੀ । ਉਪਰੋਕਤ ਨਿਸ਼ਚਿਤ ਕੀਤੀਆਂ ਗਈਆਂ ਦਰਾਂ ਵਿੱਚ ਪ੍ਰਤੀ ਨਕਲੀ ਗੋਡਾ (ਨੀ-ਕੰਪੋਨੈਂਟ)/ਹਿੱਪ ਜੁਆਇੰਟ ਇੰਮਪਲਾਂਟ ਦੀ ਕੀਮਤ, ਹਸਪਤਾਲ ਦੇ ਹੋਰ ਖਰਚੇ, ਦਵਾਈਆਂ, ਟੀਕੇ, ਰੂਮ ਰੈਂਟ ਆਦਿ ਦੇ ਖਰਚੇ ਵੀ ਸ਼ਾਮਿਲ ਕੀਤੇ ਗਏ ਸਨ ਅਤੇ ਇਸ ਵਿੱਚ ਡਾਈਟ ਮਨੀ, ਏਅਰ ਕੰਡੀਸ਼ਨ ਅਤੇ ਹੋਰ ਨਾ ਪ੍ਰਤੀ-ਪੂਰਤੀ ਯੋਗ ਆਈਟਮਾਂ ਤੇ ਹੋਇਆ ਖਰਚਾ ਸ਼ਾਮਿਲ ਨਹੀਂ ਕੀਤਾ ਗਿਆ ਸੀ । ਇਸ ਉਪਰੰਤ ਪੰਜਾਬ ਸਰਕਾਰ ਨੇ ਆਪਣੇ ਪੱਤਰ ਨੰ: 12/23/2003-5ਸਿ5/13195, ਮਿਤੀ 22.7.2004 ਰਾਹੀਂ ਆਪਣੇ ਪੱਤਰ ਨੰ: 12/316/94-

ਸਮਸ5/22728, ਮਿਤੀ 20.9.2000 ਵਿੱਚ ਸੋਧ ਕਰਦੇ ਹੋਏ ਨੀ ਜੁਆਇੰਟ ਰਿਪਲੇਸਮੈਂਟ (ਪ੍ਰਤੀ ਗੋਡਾ ਕੰਪੋਨੈਂਟ) ਦੀ ਪ੍ਰਤੀ-ਪੂਰਤੀ ਵਿੱਚ 58,000/- ਦੇ ਨਾਲ 5000/- ਬੋਨ ਸੀਮੈਂਟ ਦੀ ਕੀਮਤ ਵੀ ਪ੍ਰਤੀ-ਪੂਰਤੀ ਯੋਗ ਕਰ ਦਿੱਤੀ ਸੀ । ਇਸ ਦੇ ਨਾਲ ਹੀ ਪਹਿਲਾਂ ਵਾਂਗ ਹਸਪਤਾਲ, ਉਪਰੋਕਤ ਸਾਰੇ ਖਰਚੇ ਵੀ ਮੈਡੀਕਲ ਪ੍ਰਤੀ-ਪੂਰਤੀ ਯੋਗ ਕਰ ਦਿੱਤੇ ਗਏ ਸਨ । ਪਰੰਤੂ ਹਿੱਪ ਜੁਆਇੰਟ ਇੰਪਲਾਂਟ ਦੇ ਖਰਚੇ ਦੀ ਪ੍ਰਤੀ-ਪੂਰਤੀ ਕਰਨ ਸਬੰਧੀ ਕੋਈ ਵੀ ਸੋਧ ਨਹੀਂ ਕੀਤੀ ਗਈ ਸੀ ।

2. ਹਿੱਪ ਜੁਆਇੰਟ ਇੰਪਲਾਂਟ ਤੇ ਹੋਏ ਖਰਚੇ ਦੀ ਪ੍ਰਤੀ-ਪੂਰਤੀ ਦੀ ਸੀਮਾ ਨੂੰ ਵਧਾਉਣ ਦਾ ਮਾਮਲਾ ਪਿੱਛਲੇ ਕੁੱਝ ਸਮੇਂ ਤੋਂ ਸਰਕਾਰ ਦੇ ਵਿਚਾਰ ਅਧੀਨ ਸੀ । ਇਸ ਲਈ ਸਰਕਾਰ ਨੇ ਆਪਣੇ ਪੱਤਰ ਨੰ: 12/316/94-5ਸਿ5/21954, ਮਿਤੀ 10.9.2007 ਰਾਹੀਂ ਇਹ ਫੈਸਲਾ ਲਿਆ ਕਿ Normal cemented Total Hip Replacement ਦੀ ਪ੍ਰਤੀ ਪੂਰਤੀ 25,000/- + 5000/- for bone cemented and non cemented Total Hip Replacement (ISO-elastic) used for Hip disease young adults less than 45 years of age ਦੇ ਵਿਅਕਤੀਆਂ ਲਈ ਪ੍ਰਤੀ ਪੂਰਤੀ 65,000/- + 5000/- for bone cement ਕੀਤੀ ਗਈ । ਉਪਰੋਕਤ ਰੇਟਾਂ ਤੋਂ ਇਲਾਵਾ accommodation charges, ICU charges/ICCU charges, Monitoring charges, operation charges, cost of drugs, consumable and disposable surgical sundries, physiotherapy, investigation and laboratory tests charge etc. ਵੱਖਰੇ ਤੌਰ ਤੇ ਏਮਜ਼, ਨਵੀਂ ਦਿੱਲੀ ਦੇ ਰੇਟਾਂ ਦੇ ਆਧਾਰ ਤੇ ਸਰਕਾਰੀ/ਪ੍ਰਾਈਵੇਟ ਹਸਪਤਾਲਾਂ ਤੋਂ ਲਏ ਇਲਾਜ਼ ਤੇ ਪ੍ਰਤੀ-ਪੂਰਤੀ ਯੋਗ ਕੀਤੇ ਗਏ ।

3 ਕਿਉਂਕਿ ਸਰਕਾਰ ਦੀਆਂ ਹਦਾਇਤਾਂ ਨੰ: 12/316/94-5ਸਿ5/22728, ਮਿਤੀ 20.9.2000 ਵਿੱਚ ਹਿੱਪ ਇੰਪਲਾਂਟ ਰੇਟਾਂ ਵਿੱਚ ਦੂਜੇ ਹਸਪਤਾਲ ਦੇ ਖਰਚੇ ਭਾਵ accommodation charges, ICU charges/ICCU charges, Monitoring charges, operation charges, cost of drugs, consumable and disposable surgical sundries, physiotherapy investigation and laboratory tests charges etc. ਵੀ ਸ਼ਾਮਿਲ ਨਹੀਂ ਕੀਤੇ ਗਏ ਸਨ । ਇਸ ਲਈ ਅਜਿਹੇ ਮਰੀਜ਼ਾਂ ਦੀਆਂ ਮੁਸ਼ਕਿਲਾਂ ਤੇ ਵਿਸਥਾਰ ਪੂਰਵਕ ਵਿਚਾਰ ਕਰਦੇ ਹੋਏ ਫੈਸਲਾ ਲਿਆ ਗਿਆ ਹੈ ਕਿ ਉਪਰੋਕਤ ਹਿੱਪ ਰਿਪਲੇਸਮੈਂਟ/ਹਿੱਪ ਜੁਆਇੰਟ ਇੰਪਲਾਂਟ ਸਬੰਧੀ ਨਿਸ਼ਚਿਤ ਕੀਮਤਾਂ ਵਿੱਚ 35,000/- ਤੋਂ ਇਲਾਵਾ accommodation charges, ICU charges/ICCU charges, Monitoring charges, operation charges, cost of drugs, consumable and disposable surgical sundries, physiotherapy investigation and laboratory tests charges etc. ਵੀ ਏਮਜ਼, ਨਵੀਂ ਦਿੱਲੀ ਦੇ ਰੇਟਾਂ ਤੇ ਆਧਾਰ ਤੇ ਸਰਕਾਰੀ/ਪ੍ਰਾਈਵੇਟ ਹਸਪਤਾਲਾਂ ਤੋਂ ਲਏ ਇਲਾਜ਼ ਤੇ ਪ੍ਰਤੀ-ਪੂਰਤੀ ਯੋਗ ਹੋਣਗੇ ਪਰ ਇਹਨਾਂ ਵਿੱਚ ਨਾ ਮਿਲਣਯੋਗ ਆਈਟਮਸ ਜਿਵੇਂ ਕਿ admission charges, diet charges, Air condition charges,

telephone /TV charges, Operation Theatre charges, Anesthesia charges, cost of cosmetic items, toiletry, tonics etc ਪ੍ਰਤੀ-ਪੂਰਤੀ ਯੋਗ ਨਹੀਂ ਹੋਣਗੇ।

4 ਇਹ ਹਦਾਇਤਾਂ ਹਿਪ ਜੁਆਇੰਟ/ਇੰਪਲਾਂਟ ਦੇ ਕੇਸਾਂ ਵਿਚ ਮਿਤੀ 20.9.2000 ਤੋਂ ਮਿਤੀ 9.9.2007 ਤੱਕ ਲਾਗੂ ਹੋਣਗੀਆਂ ਅਤੇ ਉਸ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਉਹਨਾਂ ਦੇ ਪੱਤਰ ਨੰ: 12/316/94-5ਸਿ5/21954, ਮਿਤੀ 10.9.2007 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਪੰਜਾਬ ਸਰਕਾਰ ਦੇ ਕਰਮਚਾਰੀ/ਪੈਨਸ਼ਨਰਾਂ ਅਤੇ ਉਹਨਾਂ ਦੇ ਆਸ਼ਰਿਤਾਂ ਤੇ ਪਹਿਲਾਂ ਵਾਂਗ ਲਾਗੂ ਰਹਿਣਗੀਆਂ ।

ਰਵੀ ਪ੍ਰਕਾਸ਼ ਪਰੂਥੀ
(ਰਵੀ ਪ੍ਰਕਾਸ਼ ਪਰੂਥੀ)
ਉੱਪ ਸਕੱਤਰ ਸਿਹਤ

ਇਸ ਦਾ ਇੱਕ-ਇੱਕ ਉਤਾਰਾ ਸਮੂਹ ਵਿਤੀ ਕਮਿਸ਼ਨਰਾਂ, ਪ੍ਰਿੰਸੀਪਲ ਸਕਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

ਰਵੀ ਪ੍ਰਕਾਸ਼ ਪਰੂਥੀ
ਉੱਪ ਸਕੱਤਰ ਸਿਹਤ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰ, ਪ੍ਰਿੰਸੀਪਲ ਸਕੱਤਰ ਅਤੇ
ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ ।

ਐ:ਵਿ:ਪੱ:ਨੰ: 12/316/94-5ਸਿ5/1770 ਮਿਤੀ, ਚੰਡੀਗੜ੍ਹ : 3.7.2008
ਪਿ:ਅੰ:ਨੰ: 12/316/94-5ਸਿ5/1771 ਮਿਤੀ, ਚੰਡੀਗੜ੍ਹ : 3.7.2008

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ: -

1. ਵਿੱਤ ਸਕੱਤਰ, ਕੇਂਦਰੀ ਸ਼ਾਸਤ ਪ੍ਰਦੇਸ਼, ਚੰਡੀਗੜ੍ਹ ।
2. ਡਾਇਰੈਕਟਰ, ਪੈਨਸ਼ਨ ਅਤੇ ਪੈਨਸ਼ਨਰਜ਼ ਭਲਾਈ, ਪੰਜਾਬ, ਚੰਡੀਗੜ੍ਹ ।
3. ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ਪੰਜਾਬ, ਚੰਡੀਗੜ੍ਹ ।
4. ਮਹਾਂਲੇਖਾਕਾਰ (ਲੇਖਾ ਅਤੇ ਹੱਕਦਾਰੀ) ਪੰਜਾਬ, ਚੰਡੀਗੜ੍ਹ ।

ਰਵੀ ਪ੍ਰਕਾਸ਼ ਪਰੂਥੀ
ਉੱਪ ਸਕੱਤਰ ਸਿਹਤ

ਉਪਰੋਕਤ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਵਿੱਤ ਵਿਭਾਗ ਨੂੰ ਮਿਤੀ 26-6-08 ਨੂੰ ਮੁੱਖ ਸਕੱਤਰ, ਪੰਜਾਬ ਜੀ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿਚ ਉਪਰੋਕਤ ਸਬੰਧੀ ਲਏ ਗਏ ਫੈਸਲੇ ਦੇ ਹਵਾਲੇ ਵਿਚ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਰਵੀ ਪ੍ਰਕਾਸ਼ ਪਰੂਥੀ
ਉੱਪ ਸਕੱਤਰ, ਸਿਹਤ

ਸੇਵਾ ਵਿਖੇ

ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ,
ਵਿੱਤ ਵਿਭਾਗ।

ਅੰ:ਵਿ:ਪ:ਨੰ: 12/316/94-5ਸਿ5/1772 ਮਿਤੀ, ਚੰਡੀਗੜ੍ਹ: 3.7.2008